ਜੇ ਤੁਸੀਂ ਸਾਡੇ ਨਾਲ ਸੰਪਰਕ ਕਰਨਾ ਚਾਹੁੰਦੇ ਹੋ :

**Independent Review Service**
4th Floor, Centre City Podium
5 Hill Street
Birmingham. B5 4UB

ਫ਼ੋਨ : 0800 096 1926
ਟੈਕਸਟਫ਼ੋਨ : 0800 096 1929
ਫ਼ੈਕਸ : 0121 606 2180
ਈਮੇਲ : em@irs-review.org.uk
ਵੈਬਸਾਈਟ : www.irs-review.org.uk

ਉਤਰੀ ਆਇਰਲੈਂਡ ਵਿਚ ਸਮਾਜਕ ਫੰਡ **[social fund]** ਇੰਸਪੈਕਟਰਾਂ ਦੇ ਜਾਇਜ਼ੇ ਬਾਰੇ ਅੰਕੜੇ ਅਤੇ ਹੁਰ ਸੂਚਨਾ ਉਪਲਬਧ ਹਨ :

**Office of the Social Fund Commissioner. Scottish Amicable Building, 11 Donegal Square South, Belfast. BT1 5JE**
ਫ੍ਰੀਫ਼ੋਨ : 0808 127 0417 ਫੈਕਸ : 0280 9023 0921 ਈਮੇਲ : sfc@osfcni.org.uk ਵੈਬਸਾਈਟ : www.osfcni.org.uk

# ਸਮਾਜਕ ਫੰਡ ਲਈ
# ਇੱਕ ਬੁਨਿਆਦੀ ਗਾਈਡ

*ਸਮਾਜਕ ਫੰਡ ਲਈ*

## ਸੁਤੰਤਰ ਜਾਇਜ਼ਾ ਸੇਵਾ

INVESTOR IN PEOPLE

irs
**Independent Review Service**
***for the Social Fund***

## ਜਾਣਕਾਰੀ

ਇਹ ਗਾਈਡ ਸਮਾਜਕ ਫੰਡ[Social Fund] ਦਾ ਸਮੁੱਚਾ ਬੁਨਿਆਦੀ ਜਾਇਜ਼ਾ ਹੈ।

ਸਮਾਜਕ ਫੰਡ ਸਕੀਮ, ਘੱਟ ਆਮਦਨ ਵਾਲੇ ਲੋਕਾਂ ਨੂੰ, ਉਹਨਾਂ ਖ਼ਰਚਿਆਂ ਲਈ ਗ੍ਰਾਂਟਾਂ ਅਤੇ ਵਿਆਜ਼ ਰਹਿਤ ਕਰਜ਼ੇ ਦਿੰਦੀ ਹੈ, ਜਿਹਨਾਂ ਨੂੰ ਬਕਾਇਦਾ ਹੋਣ ਵਾਲੀ ਆਮਦਨ ਨਾਲ ਪੂਰਾ ਕਰਨਾ ਮੁਸ਼ਕਿਲ ਹੈ।

ਸੁਤੰਤਰ ਜਾਇਜ਼ਾ ਸੇਵਾ [Independent Review Service] (IRS) ਸਮਾਜਕ ਫੰਡ ਸਕੀਮ ਬਰਮਿੰਗਮ ਵਿਚ ਇਕ ਸੁਤੰਤਰ ਵਿਧਾਨਕ ਸੰਸਥਾ ਹੈ। ਇਸਦਾ ਕੰਮ, ਅਖ਼ਤਿਆਰੀ ਸਮਾਜਕ ਫੰਡ ਦੇ ਸੁਤੰਤਰ ਜਾਇਜ਼ੇ ਲੈਣਾ ਹੈ। ਸਮਾਜਕ ਫੰਡ ਇੰਸਪੈਕਟਰ, ਜੋ ਇਹ ਸੁਤੰਤਰ ਜਾਇਜ਼ੇ ਲੈਂਦਾ ਹੈ, ਕੇਸ ਦੀਆਂ ਸਾਰੀਆਂ ਸਥਿਤੀਆਂ ਦੇ ਅਧਾਰ 'ਤੇ ਆਪਣੇ ਫ਼ੈਸਲੇ ਲਏਗਾ।

ਸੁਤੰਤਰ ਜਾਇਜ਼ਾ ਸੇਵਾ IRS:

- ਉਹਨਾਂ ਸਮਾਜਕ ਫੰਡ ਫ਼ੈਸਲਿਆਂ, ਜਿਹਨਾਂ ਦਾ ਅਸੀਂ ਜਾਇਜ਼ਾ ਲੈਂਦੇ ਹਾਂ, 'ਚੋਂ ਅੱਧਿਆਂ ਨੂੰ ਬਦਲ ਦਿੰਦੀ ਹੈ।
- ਰੁਟੀਨ ਸਮਾਜਕ ਫੰਡ ਕੇਸਾਂ ਬਾਰੇ 12 ਦਿਨਾਂ ਦੇ ਅੰਦਰ ਅੰਦਰ ਫ਼ੈਸਲਾ ਲੈਂਦੀ ਹੈ।
- ਫ਼ੌਰੀ ਜ਼ਰੂਰਤ ਲਈ ਕਰਜ਼ਿਆਂ ਨਾਲ 24 ਘੰਟਿਆਂ ਜਾਂ ਇਸਤੋਂ ਘੱਟ ਸਮੇਂ ਵਿਚ ਨਜਿੱਠਦੀ ਹੈ।

## ਭੁਗਤਾਨਾਂ ਅਤੇ ਅਰਜ਼ੀ ਫ਼ਾਰਮਾਂ ਦੀਆਂ ਕਿਸਮਾਂ

ਤਿੰਨ ਤਰ੍ਹਾਂ ਦੇ ਭੁਗਤਾਨਾਂ ਅਤੇ ਤਿੰਨ ਤਰ੍ਹਾਂ ਦੇ ਅਰਜ਼ੀ ਫ਼ਾਰਮਾਂ ਦੀਆਂ ਕਿਸਮਾਂ ਹਨ :

- ਭਾਈਚਾਰਕ ਸੰਭਾਲ ਗ੍ਰਾਂਟ [Community care grant] SF300
- ਸੰਕਟ-ਕਰਜ਼ਾ [Crisis loan]SF401
- ਬਜਟ ਸਬੰਧੀ ਕਰਜ਼ੇ [Budgeting loan] SF500

## ਅਰਜ਼ੀ ਫ਼ਾਰਮ ਭਰਨੇ

ਗਾਹਕਾਂ ਨੂੰ ਅਰਜ਼ੀ ਫ਼ਾਰਮ 'ਤੇ ਜਿੰਨੀ ਵੱਧ ਤੋਂ ਵੱਧ ਸਬੰਧਿਤ ਜਾਣਕਾਰੀ ਸੰਭਵ ਹੋਏ, ਭਰਨ ਦੀ ਸਲਾਹ ਦਿਤੀ ਜਾਂਦੀ ਹੈ। ਇਹਨਾਂ ਨੂੰ ਸ਼ਾਮਿਲ ਕਰਨਾ ਲਾਜ਼ਮੀ ਹੈ :

- ਜ਼ਰੂਰਤ ਅਤੇ ਇਹ ਕਿਵੇਂ ਪੈਦਾ ਹੋਈ, ਬਾਰੇ ਵੇਰਵੇ।
- ਉਹਨਾਂ ਦੇ ਵਿਅਕਤੀਗਤ ਹਾਲਾਤ
- ਉਹਨਾਂ ਵਲੋਂ ਬੇਨਤੀ ਕੀਤੀ ਗਈ ਵਸਤੂ ਦੀ ਕਮੀ ਦਾ ਉਹਨਾਂ 'ਤੇ ਕਿਵੇਂ ਅਸਰ ਪੈਂਦਾ ਹੈ।

## ਭਾਈਚਾਰਕ ਸੰਭਾਲ ਗ੍ਰਾਂਟਾਂ

**ਯੋਗਤਾ**

ਭਾਈਚਾਰਕ ਸੰਭਾਲ ਗ੍ਰਾਂਟਾਂ ਦਾ ਉਹਨਾਂ ਵਿਅਕਤੀਆਂ ਨੂੰ ਭੁਗਤਾਨ ਕੀਤਾ ਜਾ ਸਕਦਾ ਹੈ, ਜੋ ਆਮਦਨ ਸਹਾਇਤਾ ਜਾਂ ਆਮਦਨ ਅਧਾਰਿਤ ਨੌਕਰੀ ਦੀ ਭਾਲ ਕਰਨ ਸਬੰਧੀ ਆਮਦਨ ਅਧਾਰਿਤ ਭੱਤਾ ਜਾਂ ਸਰਕਾਰੀ ਪੈਂਸ਼ਨ ਕਰਜ਼ਾ ਲੈ ਰਹੇ ਹਨ।

**ਪਾਤਰਤਾ**

ਵਿਆਪਕ ਸ਼ਬਦਾਂ ਵਿਚ, ਇਕ ਗਾਹਕ ਗ੍ਰਾਂਟ ਲਈ ਯੋਗ ਹੋ ਸਕਦਾ ਹੈ, ਬਸ਼ਰਤੇ :

- ਉਹ ਜਾਂ ਉਸਦੇ ਪਰਿਵਾਰ ਦਾ ਮੈਂਬਰ ਸੰਭਾਲ ਛੱਡ ਰਿਹਾ ਹੈ ਅਤੇ ਉਸਨੂੰ ਭਾਈਚਾਰੇ ਵਿਚ ਆਪਣੇ ਆਪ ਨੂੰ ਸਥਾਪਿਤ ਕਰਨ ਦੀ ਲੋੜ ਹੈ।
- ਉਹ ਜਾਂ ਉਸਦੇ ਪਰਿਵਾਰ ਦੇ ਮੈਂਬਰ, ਜਿਸਨੂੰ ਕਿਸੇ ਰਿਹਾਇਸ਼ੀ ਥਾਂ, ਜਿਥੇ ਸੰਭਾਲ ਉਪਲਬਧ ਹੋਏਗੀ ਦੀ ਥਾਂ ਆਪਣੇ ਖ਼ੁਦ ਦੇ ਘਰ ਵਿਚ ਠਹਿਰਣ ਲਈ ਸਹਾਇਤਾ ਦੀ ਲੋੜ ਹੈ।
- ਪਰਿਵਾਰ 'ਤੇ ਗ਼ੈਰਮਾਮੂਲੀ ਦਬਾਅ ਹਨ।
- ਉਹ, ਜੇਲ੍ਹ 'ਚੋਂ ਆਰਜ਼ੀ ਤੌਰ 'ਤੇ ਰਿਹਾ ਹੋਏ ਕੈਦੀ ਜਾਂ ਯੁਵਾ ਮੁਜਰਿਮ ਲਈ ਸੰਭਾਲ ਵਾਸਤੇ ਸਹਾਇਤਾ ਚਾਹੁੰਦਾ ਹੈ।
- ਉਹ, ਸਥਾਪਿਤ ਜ਼ਿੰਦਗੀ ਤੋਂ ਬਿਨਾ ਯੋਜਨਾਬੱਧ ਮੁੜਵਸੇਬਾ ਪ੍ਰੋਗਰਾਮ ਦੇ ਹਿੱਸੇ ਵਜੋਂ ਘਰ ਸਥਾਪਿਤ ਕਰਨਾ ਚਾਹੁੰਦਾ ਹੈ।
- ਉਸਨੂੰ ਅਤੇ ਉਸਦੇ ਪਰਿਵਾਰ ਨੂੰ ਵਿਸ਼ੇਸ਼ ਕਾਰਨ ਲਈ ਸਫ਼ਰ ਖ਼ਰਚਿਆਂ ਨਾਲ ਸਹਾਇਤਾ ਦੀ ਲੋੜ ਹੈ।

## ਸੰਕਟ-ਕਰਜ਼ੇ

ਸੰਕਟ-ਕਰਜ਼ੇ ਦੀਆਂ ਦੋ ਕਿਸਮਾਂ ਹਨ :

- ਜੀਵਨ ਚਲਾਉਣ ਲਈ ਸੰਕਟ ਕਰਜ਼ੇ।
- ਚੀਜ਼ਾਂ ਵਸਤਾਂ ਲਈ ਸੰਕਟ ਕਰਜ਼ੇ।

**ਯੋਗਤਾ**

ਗਾਹਕ ਕੋਲ ਕਿਸੇ ਵੀ ਲਾਭ ਨੂੰ ਹਾਸਿਲ ਕਰਦੇ ਹੋਣ ਦੀ ਲੋੜ ਨਹੀਂ ਹੈ, ਪਰ ਉਹ, ਲੋੜਾਂ, ਜਿਹਨਾਂ ਲਈ ਉਸ ਨੇ ਅਰਜ਼ੀ ਦਿਤੀ ਹੈ, ਨੂੰ ਪੂਰਾ ਕਰਨ ਲਈ ਜ਼ਰੂਰੀ ਵਸੀਲਿਆਂ ਤੋਂ ਬਿਨਾ ਹੋਣਾ ਚਾਹੀਦਾ ਹੈ।

**ਪਾਤਰਤਾ**

ਸੰਕਟ ਸਬੰਧੀ ਕਰਜ਼ੇ ਦਾ ਪਾਤਰ ਬਣਨ ਲਈ, ਗਾਹਕ ਜਾਂ ਉਸਦੇ ਪਰਿਵਾਰ ਦੇ ਇਕ ਮੈਂਬਰ ਨੂੰ ਖ਼ਰਚਿਆਂ ਨਾਲ ਨਜਿੱਠਣ ਸਬੰਧੀ ਲੋੜ ਹੋਣੀ ਚਾਹੀਦੀ ਹੈ :

- ਇਕ ਐਮਰਜੈਂਸੀ ਵਿਚ ਜਾਂ ਇਕ ਤਬਾਹੀ ਦੇ ਨਤੀਜੇ ਵਜੋਂ
- ਅਤੇ ਇਹ ਰਕਮ, ਉਹਨਾਂ ਦੀ ਸਿਹਤ ਜਾਂ ਸੁਰਖਿਆ ਲਈ ਗੰਭੀਰ ਨੁਕਸਾਨ ਜਾਂ ਗੰਭੀਰ ਖ਼ਤਰੇ ਨੂੰ ਰੋਕਣ ਦਾ ਇਕੋ ਇਕ ਜ਼ਰੀਆ ਹੋਣੀ ਚਾਹੀਦੀ ਹੈ।

## ਬਜਟ ਸਬੰਧੀ ਕਰਜ਼ੇ

ਗਾਹਕ ਨੂੰ, ਜ਼ਰੂਰਤ ਦੀਆਂ ਕੁਝ ਖ਼ਾਸ ਸ਼੍ਰੇਣੀਆਂ ਸਬੰਧੀ ਚੀਜ਼ਾਂ ਨੂੰ ਖਰੀਦਣ ਜਾਂ ਇਹਨਾਂ ਦੇ ਭੁਗਤਾਨ ਵਿਚ ਮਦਦ ਲਈ ਬਜਟ ਸਬੰਧੀ ਕਰਜ਼ੇ ਦਿਤੇ ਜਾ ਸਕਦੇ ਹਨ :

**ਖ਼ਰੀਦਣਾ :**

- ਫ਼ਰਨੀਚਰ ਅਤੇ ਘਰ ਵਿਚਲੇ ਉਪਕਰਣ ਜਾਂ
- ਕਪੜੇ ਅਤੇ ਜੁੱਤੀਆਂ

**ਇਹਨਾਂ ਲਈ ਭੁਗਤਾਨ :**

- ਸਫ਼ਰ ਸਬੰਧੀ ਖ਼ਰਚੇ
- ਇਕ ਨਵੇਂ ਘਰ ਵਿਚ ਜਾਣ ਲਈ ਮਦਦ ਲਈ ਅਗਾਊਂ ਕਿਰਾਇਆ ਅਤੇ/ਜਾਂ ਸਮਾਨ ਹਟਾਉਣ ਸਬੰਧੀ ਖ਼ਰਚੇ
- ਘਰ ਨੂੰ ਬਿਹਤਰ ਬਣਾਉਣ, ਇਸਦੀ ਸਾਂਭ-ਸੰਭਾਲ ਅਤੇ ਸੁਰਖਿਆ
- ਖ਼ਰਚੇ, ਜੇ ਗਾਹਕ, ਕੰਮ ਲੱਭ ਰਿਹਾ ਹੈ ਜਾਂ ਕੰਮ 'ਤੇ ਵਾਪਸ ਜਾ ਰਿਹਾ ਹੈ
- ਕਰਜ਼ਾ ਅਤੇ ਕਿਸ਼ਤਾਂ ਵਿਚ ਭੁਗਤਾਨ ਕਰਨਾ।

## ਸਮਾਜਕ ਫ਼ੰਡ ਬਾਰੇ ਅਮਲ

ਅਰਜ਼ੀ ਫ਼ਾਰਮ
(SF300/SF401/SF500)

↓

ਫ਼ੈਸਲੇ ਲੈਣ ਵਾਲਿਆਂ ਦਾ ਫ਼ੈਸਲਾ

↓

ਪਹਿਲੀ ਜਾਇਜ਼ਾ ਬੇਨਤੀ

↓

ਇੰਟਰਵਿਊ

↓

ਜਾਇਜ਼ਾ ਲੈ ਰਹੇ ਅਫ਼ਸਰ ਦਾ ਫ਼ੈਸਲਾ

↓

ਦੂਜੀ ਜਾਇਜ਼ਾ ਬੇਨਤੀ

↓

ਸਮਾਜਕ ਫ਼ੰਡ ਬਾਰੇ ਇੰਸਪੈਕਟਰ ਦਾ ਫ਼ੈਸਲਾ

## ਜਾਇਜ਼ਾ ਬੇਨਤੀਆਂ

ਜਾਇਜ਼ਾ ਬੇਨਤੀਆਂ ਹੋਣੀਆਂ ਚਾਹੀਦੀਆਂ ਹਨ :

- ਲਿਖਤੀ।
- ਸਬੰਧਿਤ ਜਾੱਬ ਪਲੱਸ ਦਫ਼ਤਰ ਵਿਚ ਦਿਤੀ ਜਾਏ।
- ਇਹਨਾਂ ਵਿਚ ਉਹਨਾਂ ਵਿਸ਼ੇਸ਼ ਅਧਾਰਾਂ ਦੇ ਵੇਰਵੇ ਹੋਣੇ ਚਾਹੀਦੇ ਹਨ, ਜਿਹਨਾਂ 'ਤੇ ਜਾਇਜ਼ੇ ਲਈ ਅਰਜ਼ੀ ਦਿਤੀ ਜਾਣੀ ਚਾਹੀਦੀ ਹੈ।
- ਅਰਜ਼ੀ ਦੇਣ ਵਾਲੇ ਵਿਅਕਤੀ ਵਲੋਂ ਦਸਤਖ਼ਤ ਕੀਤੀ ਗਈ ਅਤੇ ਜੇ ਇਕ ਪ੍ਰਤੀਨਿਧ ਸ਼ਾਮਿਲ ਹੈ, ਤਾਂ ਇਸ ਸਬੰਧੀ ਅਧਿਕਾਰ ਹੋਣਾ ਚਾਹੀਦਾ ਹੈ।
- ਜਾਰੀ ਕੀਤੇ ਗਏ ਫ਼ੈਸਲੇ ਦੀ ਤਾਰੀਖ਼ ਮਗਰੋਂ 28 ਦਿਨਾਂ ਦੇ ਅੰਦਰ ਅੰਦਰ ਕੀਤੀ ਜਾਣੀ ਚਾਹੀਦੀ ਹੈ, ਪਰ ਦੇਰ ਨਾਲ ਆਈਆਂ ਅਰਜ਼ੀਆਂ ਪ੍ਰਵਾਨ ਕੀਤੀਆਂ ਜਾ ਸਕਦੀਆਂ ਹਨ।

## ਸੁਤੰਤਰ ਜਾਇਜ਼ਾ ਸੇਵਾ ਦੀ ਗਾਹਕ ਨਾਲ ਗੱਲਬਾਤ

ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਨੂੰ ਗਾਹਕ ਕੁਲ ਭੇਜਿਆ ਜਾਏਗਾ :

- ਮਾਮਲੇ ਵਿਚ ਪ੍ਰਮੁਖ ਦਸਤਾਵੇਜ਼ਾਂ ਦਾ ਸਰਲ ਬੰਡਲ
- ਜਾਂਚ ਕਰ ਰਹੇ ਇੰਸਪੈਕਟਰ ਤੋਂ ਇੱਕ ਪੱਤਰ
    - ਮਾਮਲੇ ਨਾਲ ਸਬੰਧਿਤ ਤੱਥ
    - ਅਹਿਮ ਮੁੱਦਿਆਂ ਦੇ ਵੇਰਵਿਆਂ ਦਾ ਫ਼ੈਸਲਾ ਕੀਤਾ ਜਾਏਗਾ
    - ਅਤੇ ਕੁਈ ਵੀ ਸੁਆਲ, ਜੁ ਇੰਸਪੈਕਟਰ ਪੁੱਛ ਸਕਦਾ ਹੈ।

## ਇੰਸਪੈਕਟਰ ਕੋਲ ਵਿਕਲਪ

- ਫ਼ੈਸਲੇ ਦੀ ਪੁਸ਼ਟੀ
- ਤਾਜ਼ਾ ਫ਼ੈਸਲਾ ਕਰਨ ਲਈ ਮਾਮਲੇ ਨੂੰ ਵਾਪਿਸ ਭੇਜਣਾ।
- ਆਪਣੇ ਤੌਰ 'ਤੇ ਫ਼ੈਸਲਾ ਸੁਝਾਏਗਾ।

## ਤੁਸੀਂ, ਸੁਤੰਤਰ ਜਾਇਜ਼ਾ ਸੇਵਾ ਨਾਲ ਕਿਵੇਂ ਸੰਪਰਕ ਕਰ ਸਕਦੇ ਹੋ


**ਵਪਾਰਕ ਟੀਮ [The Business Team]**
ਸੁਤੰਤਰ ਜਾਇਜ਼ਾ ਸੇਵਾ [Independent Review Service]
4th Floor,
Centre City Podium,
5 Hill Street,
Birmingham. B5 4UB

ਤੁਸੀਂ ਸਾਨੂੰ **0121 606 2160** 'ਤੇ ਫ਼ੋਨ ਕਰ ਸਕਦੇ ਹੋ ਜਾਂ **0121 606 2191** 'ਤੇ ਫ਼ੈਕਸ ਕਰ ਸਕਦੇ ਹੋ

ਤੁਸੀਂ **www.irs-review.org.uk** 'ਤੇ ਸਾਡੀ ਵੈਬਸਾਈਟ ਵੇਖ ਸਕਦੇ ਹੁ ਜਾਂ **em@irs-review.org.uk** 'ਤੇ ਈ-ਮੇਲ ਕਰ ਸਕਦੇ ਹੁ।